بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت
**Office Of The Majlis Ansarullah Bharat**
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in**　　ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਹਜ਼ਰਤ ਅਕ਼ਦਸ ਮਸੀਹ ਮੌਊਦ عليه السلام ਦੇ ਗਿਆਨ ਭਰਪੂਰ ਇਰਸ਼ਾਦ ਦੀ ਰੌਸ਼ਨੀ ਵਿੱਚ ਦੁਨੀਆ ਅਤੇ ਆਖ਼ਿਰਤ ਦੀਆਂ ਭਲਾਈਆਂ ਮੰਗਣ ਦੀ ਨਸੀਹਤ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 20 ਮਾਰਚ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ أَلۡحَمۡدُ لِلّٰهِ رَبِّ الۡعٰلَمِيۡنَ ۞ أَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ۬ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਜ ਈਦ ਦਾ ਖ਼ੁਤਬਾ ਵੀ ਮੈਂ ਦਿੱਤਾ ਹੈ ਇਸ ਲਈ ਇਸ ਵਕ਼ਤ ਮੈਂ ਸੰਖੇਪ ਖ਼ੁਤਬਾ ਦਵਾਂਗਾ। ਇਸ ਦੇ ਲਈ ਮੈਂ ਹਜ਼ਰਤ ਅਕ਼ਦਸ ਮਸੀਹ ਮੌਊਦ عليه السلام ਦਾ ਇੱਕ ਇਕ਼ਤਿਬਾਸ ਲਿਆ ਹੈ।

ਆਪ عليه السلام ਫ਼ਰਮਾਉਂਦੇ ਹਨ ਕਿ ਮੋਮਿਨ ਦੇ ਸੰਬੰਧ ਦੁਨੀਆ ਦੇ ਨਾਲ਼ ਜਿੰਨੇ ਜ਼ਿਆਦਾ ਹੋਣ ਉਹ ਉਸ ਦੇ ਉੱਚੇ **ਮਰਤਬੇ** ਦਾ ਕਾਰਨ ਹੁੰਦੇ ਹਨ ਕਿਉਂਕਿ ਉਸ ਦਾ ਮਕ਼ਸਦ ਦੀਨ ਹੁੰਦਾ ਹੈ।

ਇਸ ਸੰਦਰਭ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਦੁਨੀਆ ਦੇ ਨਾਲ਼ ਸੰਬੰਧ ਵੀ ਇਸ ਲਈ ਚੰਗੇ ਹੋਣ ਕਿ ਮਕ਼ਸਦ ਉਨ੍ਹਾਂ ਦਾ ਦੀਨ ਹੋਵੇ। ਇਹ ਮੋਮਿਨ ਦੀ ਨਿਸ਼ਾਨੀ ਹੈ। **ਦੁਨੀਆ**, ਉਸ ਦਾ **ਮਾਲ** ਅਤੇ **ਸ਼ਾਨ** ਦੀਨ ਦੀ ਖ਼ਾਦਿਮ ਹੁੰਦੀ ਹੈ। ਬਸ ਅਸਲ ਗੱਲ ਇਹ ਹੈ ਕਿ ਦੁਨੀਆ ਅਸਲ ਮਕ਼ਸਦ ਨਾ ਹੋਵੇ ਬਲਕਿ ਦੁਨੀਆ ਨੂੰ ਹਾਸਿਲ ਕਰਨ ਦਾ ਅਸਲ ਮਕ਼ਸਦ ਦੀਨ ਹੋਵੇ।

ਹਜ਼ੂਰ ਅਨਵਰ ਨੇ ਇਸ ਗੱਲ ‘ਤੇ ਜ਼ੋਰ ਦਿੰਦੇ ਹੋਏ ਵਿਆਖਿਆ ਕੀਤੀ ਕਿ ਦੁਨੀਆ ਵੀ ਕਮਾਓ ਤਾਂ ਮਕ਼ਸਦ ਇਹ ਹੋਣਾ ਚਾਹੀਦਾ ਹੈ ਕਿ ਸਾਡਾ ਦੀਨ ਬਿਹਤਰ ਹੋਵੇ, ਅਸੀਂ ਦੀਨ ਦੀ ਖ਼ਿਦਮਤ ਕਰਨੀ ਹੈ। ਦੁਨੀਆ ਵੀ ਕਮਾਉਣੀ ਹੈ ਤਾਂ ਦੀਨ ਦੀ ਬਿਹਤਰੀ ਦੇ ਲਈ ਨਾ ਕਿ ਗ਼ਲਤ ਕੰਮ ਕਰਕੇ ਆਪਣੀ ਦੁਨੀਆ ਅਤੇ ਆਖ਼ਿਰਤ ਵਿਗਾੜਨ ਲਈ ਬਲਕਿ ਆਪਣੀ ਆਖ਼ਿਰਤ ਸਵਾਰਨ ਦੇ ਲਈ ਅਤੇ ਆਪਣਾ ਦੀਨ ਸਵਾਰਨ ਦੇ ਲਈ।

ਦੁਨੀਆ ਨੂੰ ਅਜਿਹੇ ਤੌਰ ‘ਤੇ ਹਾਸਿਲ ਕੀਤਾ ਜਾਵੇ ਕਿ ਉਹ ਦੀਨ ਦੀ ਖ਼ਾਦਿਮ ਹੋਵੇ। ਜਿਵੇਂ ਇਨਸਾਨ ਕਿਸੇ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣ ਵਾਸਤੇ ਸਫ਼ਰ ਦੇ ਲਈ ਸਵਾਰੀ ਅਤੇ **ਰਾਹ ਭੱਤਾ** (ਜ਼ਾਦਿ ਰਾਹ) ਲੈਂਦਾ ਹੈ ਤਾਂ ਉਸ ਦਾ ਅਸਲ ਮਕ਼ਸਦ ਮੰਜ਼ਿਲ ‘ਤੇ ਪਹੁੰਚਣਾ ਹੁੰਦਾ ਹੈ ਨਾ ਕਿ ਸਵਾਰੀ ਅਤੇ ਰਸਤੇ ਦੀਆਂ ਲੋੜਾਂ।

ਇਸ ਮਿਸਾਲ ਦੀ ਵਿਆਖਿਆ ਕਰਦੇ ਹੋਏ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਸਾਰੀਆਂ ਚੀਜ਼ਾਂ ਜਿਹੜੀਆਂ ਅਸੀਂ ਸਫ਼ਰ ਵਿੱਚ ਆਸਾਨੀ ਪੈਦਾ ਕਰਨ ਦੇ ਲਈ ਨਾਲ਼ ਲੈਂਦੇ ਹਾਂ, ਉਨ੍ਹਾਂ ਦਾ ਮਕ਼ਸਦ ਇਹੀ ਹੁੰਦਾ ਹੈ ਕਿ ਆਰਾਮ ਨਾਲ਼ ਸਫ਼ਰ ਕੱਟ ਜਾਵੇ ਅਤੇ ਅਸੀਂ ਅਸਲ **ਮੰਜ਼ਿਲ** ‘ਤੇ ਪਹੁੰਚ ਜਾਈਏ ਨਾ ਇਹ ਕਿ ਉਨ੍ਹਾਂ ਨਾਲ਼ ਅਸੀਂ ਸਫ਼ਰ ਵਿੱਚ ਮਜ਼ੇ ਉਠਾਈਏ। ਇਸੇ ਤਰ੍ਹਾਂ ਇਨਸਾਨ ਦੁਨੀਆ ਨੂੰ ਹਾਸਿਲ ਕਰੇ ਪਰ ਦੀਨ ਦਾ ਖ਼ਾਦਿਮ ਸਮਝ ਕੇ।

ਹਜ਼ੂਰ ਨੇ ਅਨਵਰ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਨੇ ਜੋ ਇਹ ਦੁਆ ਸਿਖਾਈ ਹੈ رَبَّنَاۤ اٰتِنَا فِی الدُّنۡیَا حَسَنَۃً وَّفِی الۡاٰخِرَۃِ حَسَنَۃً وَّقِنَا عَذَابَ النَّارِ ਕਿ ਐ ਅੱਲਾਹ! ਸਾਨੂੰ ਦੁਨੀਆ ਦੀਆਂ ਭਲਾਈਆਂ ਨਾਲ਼ ਵੀ ਨਵਾਜ਼ ਅਤੇ ਆਖ਼ਿਰਤ ਦੀਆਂ ਭਲਾਈਆਂ ਨਾਲ਼ ਵੀ ਨਵਾਜ਼।

ਆਪ عليه السلام ਫ਼ਰਮਾਉਂਦੇ ਹਨ ਕਿ ਅੱਲਾਹ ਤਆਲਾ ਨੇ ਜੋ ਇਹ ਦੁਆ ਸਿਖਾਈ ਹੈ ਕਿ رَبَّنَآ اٰتِنَا فِی الدُّنۡیَا حَسَنَۃً وَّفِی الۡاٰخِرَۃِ حَسَنَۃً وَّقِنَا عَذَابَ النَّارِ ਇਸ ਵਿੱਚ ਵੀ ਦੁਨੀਆ ਨੂੰ ਅਗੇਤਾ ਕੀਤਾ ਹੈ ਲੇਕਿਨ ਕਿਸ ਦੁਨੀਆ ਨੂੰ? ਦੁਨੀਆ ਦੀਆਂ ਭਲਾਈਆਂ ਨੂੰ ਜਿਹੜੀਆਂ ਕਿ ਆਖ਼ਿਰਤ ਵਿੱਚ ਭਲਾਈਆਂ ਦਾ ਕਾਰਨ ਹੋ ਜਾਵਣ।

ਇਸ ਸੰਦਰਭ ਵਿੱਚ ਹਜ਼ੂਰ ਅਨਵਰ ਨੇ ਤਵੱਜੋ ਦਵਾਉਂਦੇ ਹੋਏ ਫ਼ਰਮਾਇਆ ਕਿ ਅਜਿਹੀ ਦੁਨੀਆ ਜਿਸ ਨੂੰ ਹਾਸਿਲ ਕਰਕੇ ਆਖ਼ਿਰਤ ਵਿੱਚ ਵੀ **ਫ਼ਾਇਦਾ** ਹੋਵੇ। ਅਜਿਹੀਆਂ ਦੁਨੀਆ ਦੀਆਂ ਚੀਜ਼ਾਂ ਮਿਲਣ ਜਿਹੜੀਆਂ ਆਖ਼ਿਰਤ ਦੀਆਂ ਭਲਾਈਆਂ ਦਾ ਕਾਰਨ ਹੋ ਜਾਣ ਨਾ ਇਹ ਕਿ ਸਾਨੂੰ ਆਖ਼ਿਰਤ ਵਿੱਚ **ਸ਼ਰਮਸਾਰੀ** ਦਾ ਸਾਹਮਣਾ ਕਰਨਾ ਪਵੇ। ਬਿਲਕੁਲ ਜਦ ਦੁਨੀਆ ਵਿੱਚ ਪੈ ਜਾਵਾਂਗੇ ਤਾਂ ਸ਼ਰਮਸਾਰੀ ਦਾ ਸਾਹਮਣਾ ਕਰਨਾ ਪਵੇਗਾ।

ਆਪ عليه السلام ਫ਼ਰਮਾਉਂਦੇ ਹਨ ਕਿ ਇਸ ਦੁਆ ਦੀ ਸਿੱਖਿਆ ਤੋਂ ਸਾਫ਼ ਸਮਝ ਆ ਜਾਂਦਾ ਹੈ ਕਿ ਮੋਮਿਨ ਨੂੰ ਦੁਨੀਆ ਦੇ ਹਾਸਿਲ ਕਰਨ ਵਿੱਚ ਆਖ਼ਿਰਤ ਦੀਆਂ ਭਲਾਈਆਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਅਤੇ ਨਾਲ਼ ਹੀ ਦੁਨੀਆ ਦੀਆਂ ਭਲਾਈਆਂ ਦੇ ਲਫ਼ਜ਼ ਵਿੱਚ ਦੁਨੀਆ ਨੂੰ ਹਾਸਿਲ ਕਰਨ ਦੇ ਉਨ੍ਹਾਂ ਤਮਾਮ ਬਿਹਤਰੀਨ **ਮਾਧਿਅਮਾਂ** ਦਾ ਜ਼ਿਕਰ ਆ ਗਿਆ ਹੈ ਜਿਹੜੇ ਇੱਕ ਮੋਮਿਨ ਮੁਸਲਮਾਨ ਨੂੰ ਦੁਨੀਆ ਦੇ ਹਾਸਿਲ ਕਰਨ ਦੇ ਲਈ ਇਖ਼ਤਿਆਰ ਕਰਨੇ ਚਾਹੀਦੇ ਹਨ। ਦੁਨੀਆ ਨੂੰ ਹਰ ਅਜਿਹੇ ਤਰੀਕ਼ੇ ਨਾਲ਼ ਹਾਸਿਲ ਕਰੋ ਜਿਸ ਦੇ ਇਖ਼ਤਿਆਰ ਕਰਨ ਨਾਲ਼ ਭਲਾਈ ਅਤੇ ਖ਼ੂਬੀ ਹੀ ਹੋਵੇ ਨਾ ਉਹ ਤਰੀਕ਼ਾ ਜਿਹੜਾ ਕਿਸੇ ਦੂਸਰੇ ਇਨਸਾਨ ਦੀ **ਤਕਲੀਫ਼** ਦਾ ਕਾਰਨ ਹੋਵੇ ਅਤੇ ਨਾ ਹਮ ਜਿਣਸਾਂ ਵਿੱਚ ਕਿਸੇ ਦੀ ਆਰ ਅਤੇ ਸ਼ਰਮ ਦਾ ਕਾਰਨ ਹੋਵੇ। ਅਜਿਹੀ ਦੁਨੀਆ ਬੇਸ਼ੱਕ ਆਖ਼ਿਰਤ ਦੀਆਂ ਭਲਾਈਆਂ ਦਾ ਕਾਰਨ ਹੋਵੇਗੀ।

ਹਜ਼ੂਰ ਅਨਵਰ ਨੇ ਇਸੇ ਹਵਾਲੇ ਨਾਲ਼ ਤਵੱਜੋ ਦਵਾਈ ਕਿ ਅਜਿਹੀ ਦੁਨੀਆ ਕਮਾਓ ਜਿਸ ਨਾਲ਼ ਨਾ ਸਿਰਫ਼ ਤੁਹਾਨੂੰ ਫ਼ਾਇਦਾ ਪਹੁੰਚ ਰਿਹਾ ਹੋਵੇ ਬਲਕਿ **ਇਨਸਾਨੀਅਤ** ਨੂੰ ਵੀ ਫ਼ਾਇਦਾ ਪਹੁੰਚ ਰਿਹਾ ਹੋਵੇ ਅਤੇ ਦੁਨੀਆ ਵਿੱਚ ਅਜਿਹੀਆਂ ਹਰਕਤਾਂ ਨਾ ਹੋਣ ਜਿਹੜੀਆਂ ਤੁਹਾਡੇ ਲਈ ਸ਼ਰਮ ਦਾ ਕਾਰਨ ਬਣਨ, ਤੁਹਾਡੇ **ਖ਼ਾਨਦਾਨ** ਅਤੇ ਤੁਹਾਡੇ **ਕ਼ਰੀਬੀਆਂ** ਦੇ ਲਈ ਸ਼ਰਮ ਦਾ ਕਾਰਨ ਬਣਨ। ਬਲਕਿ ਪਾਕ ਸਾਫ਼ ਜ਼ਿੰਦਗੀ ਹੋਵੇ **ਨੇਕੀ** ਅਤੇ **ਤਕ਼ਵੇ** 'ਤੇ ਚੱਲਣ ਵਾਲ਼ੀ ਜ਼ਿੰਦਗੀ ਹੋਵੇ ਅਤੇ ਜਦ ਅਜਿਹੀ ਜ਼ਿੰਦਗੀ ਹੋਵੇਗੀ ਅਤੇ ਤੁਸੀਂ ਅਜਿਹੀ ਦੁਨੀਆ ਕਮਾਉਣ ਦੇ ਲਈ ਆਪਣੀ ਜ਼ਿੰਦਗੀ ਖ਼ਰਚ ਕਰੋਗੇ ਤਾਂ ਉਹ ਤੁਹਾਨੂੰ ਦੁਨੀਆ ਅਤੇ ਆਖ਼ਿਰਤ ਦੋਹਾਂ ਵਿੱਚ ਨਵਾਜ਼ੇਗੀ।

ਖ਼ੁਤਬਾ ਜੁਮਆ ਦੇ ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਸ ਅੱਜ ਜਦ ਕਿ ਦੁਨੀਆ ਸਮੂਹਿਕ ਤੌਰ 'ਤੇ ਆਪਣੇ ਮਕ਼ਸਦ ਅਤੇ ਫ਼ਾਇਦੇ ਨੂੰ ਹਾਸਿਲ ਕਰਨ ਵਿੱਚ ਪਈ ਹੋਈ ਹੈ, ਨਿਜੀ ਫ਼ਾਇਦੇ ਨੂੰ **ਤਰਜੀਹ** ਦਿੱਤੀ ਜਾਂਦੀ ਹੈ, ਜੇਕਰ ਕ਼ੌਮਾਂ ਨੂੰ ਦੇਖੀਏ ਤਾਂ ਉਨ੍ਹਾਂ ਨੂੰ ਸਿਰਫ਼ ਆਪਣੀ **ਕ਼ੌਮ** ਦੀ ਫ਼ਿਕਰ ਹੈ ਇਨਸਾਨੀਅਤ ਦੀ ਨਹੀਂ। ਇਸ ਵਿੱਚ ਪੈ ਕੇ ਇਹ ਲੋਕ ਆਪਣੀ **ਤਬਾਹੀ** ਦੇ ਸਮਾਨ ਕਰ ਰਹੇ ਹਨ। ਸਾਨੂੰ ਅਜਿਹੇ ਹਾਲਾਤ ਵਿੱਚ ਅੱਲਾਹ ਤਆਲਾ ਕੋਲੋਂ ਦੁਨੀਆ ਅਤੇ ਆਖ਼ਿਰਤ ਦੀਆਂ ਭਲਾਈਆਂ ਮੰਗਣ ਦੇ ਵੱਲ ਤਵੱਜੋ ਦੇਣੀ ਚਾਹੀਦੀ ਹੈ। ਸਾਨੂੰ ਅਜਿਹੇ ਹਾਲਾਤ ਵਿੱਚ ਇਸ ਵੱਲ ਬਹੁਤ ਜ਼ਿਆਦਾ ਤਵੱਜੋ ਦੇਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੀ ਦੁਨੀਆ ਅਤੇ ਆਖ਼ਿਰਤ ਸਵਾਰ ਸਕੀਏ ਅਤੇ ਹਰ ਕ਼ਿਸਮ ਦੀਆਂ **ਆਫ਼ਤਾਂ** ਤੋਂ ਮਹਿਫ਼ੂਜ਼ ਰਹਿ ਸਕੀਏ। ਦੁਨੀਆ ਤਬਾਹੀ ਦੇ ਖੱਡੇ ਵਿੱਚ ਜਾ ਰਹੀ ਹੈ, ਜਿਵੇਂ ਕਿ ਮੈਂ ਕਿਹਾ, ਅੱਲਾਹ ਤਆਲਾ ਸਾਨੂੰ ਇਸ ਤੋਂ ਮਹਿਫ਼ੂਜ਼ ਰੱਖੇ।

ਅੱਲਾਹ ਤਆਲਾ ਕਰੇ ਕਿ ਸਾਨੂੰ ਆਪਣੇ ਅਮਲ ਵੀ ਬਿਹਤਰ ਕਰਨ ਦੀ ਤੌਫ਼ੀਕ਼ ਮਿਲੇ ਅਤੇ ਇਸ ਲਿਹਾਜ਼ ਨਾਲ਼ ਦੁਆਵਾਂ ਕਰਨ ਦੀ ਵੀ ਤੌਫ਼ੀਕ਼ ਮਿਲੇ, ਜਿਵੇਂ ਕਿ ਹੁਣੇ (ਈਦ ਦੇ ਖ਼ੁਤਬੇ ਵਿੱਚ) ਮੈਂ ਕਿਹਾ ਸੀ ਕਿ ਅੱਲਾਹ ਤਆਲਾ ਸਾਨੂੰ ਹਕ਼ੀਕ਼ਤ ਵਿੱਚ ਇਨ੍ਹਾਂ ਭਲਾਈਆਂ ਨੂੰ ਹਾਸਿਲ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ ਅਤੇ ਬਿਹਤਰੀਨ **ਦੁਆਵਾਂ** ਦੀ ਤੌਫ਼ੀਕ਼ ਅਤਾ ਫ਼ਰਮਾਵੇ ਅਤੇ ਉਨ੍ਹਾਂ ਨੂੰ **ਕ਼ਬੂਲ** ਵੀ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞